Punjabi / ਪੰਜਾਬੀ

## ਤੁਹਾਡੀ ਸਥਾਨਕ ਕਾਉਂਸਿਲ ਦੀਆਂ ਚੋਣਾਂ ਵਿੱਚ ਹਿੱਸਾ ਲੈਣਾ, ਇੱਕ ਸਭ ਤੋਂ ਸਿੱਧਾ ਤਰੀਕਾ ਹੈ ਜਿਸ ਨਾਲ ਤੁਸੀਂ ਤੁਹਾਡੀ ਰੋਜ਼ ਦੀ ਸਮਾਜਿਕ ਜ਼ਿੰਦਗੀ ਵਿੱਚ ਫਰਕ ਲਿਆ ਸਕਦੇ ਹੋ।

ਇੱਕ ਪਲ ਦੇ ਲਈ ਸੋਚੋ ਕੀ ਕਾਉਂਸਿਲ ਵੱਲੋਂ ਮੁਹੱਇਆ ਕੀਤੀਆਂ ਗਈਆਂ ਅਨੇਕਾਂ ਸੇਵਾਵਾਂ ਦੇ ਨਾਲ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਕਿਸ ਤਰੀਕੇ ਨਾਲ ਸੁਧਾਰ ਆਉਂਦੇ ਹਨ। ਆਪਣੇ ਸਮਾਜ ਨੂੰ ਇਨ੍ਹਾਂ ਸੇਵਾਵਾਂ ਦੇ ਬਗੈਰ ਸੋਚ ਕੇ ਵੇਖੋ: ਬਿਜਲੀ, ਕੂੜਾ ਚੁੱਕਣ ਦੀ ਸੇਵਾ, ਫੁੱਟਪਾਥ, ਲਾਇਬ੍ਰੇਰੀਆਂ, ਖੇਡਣ ਦੇ ਮੈਦਾਨ ਅਤੇ ਸਪੋਰਟਸ ਕਲਬ ਸਹੂਲਤਾਂ, ਕਮਿਊਨਿਟੀ ਹਾਲ, ਬੁਜ਼ੁਰਗਾਂ ਲਈ ਮਜੂਦ ਸੇਵਾਵਾਂ – ਇਹ ਲਿਸਟ ਹੋਰ ਅੱਗੇ ਲਿਖੀ ਜਾ ਸਕਦੀ ਹੈ।

ਕਾਉਂਸਿਲ ਸੇਵਾਵਾਂ, ਨੀਤੀਆਂ ਅਤੇ ਪ੍ਰੋਜੈਕਟਾਂ ਬਾਰੇ ਫੈਸਲੇ ਬਿਲਕੁਲ ਤੁਹਾਡੇ ਵਰਗੇ ਲੋਗ ਹੀ ਲੈਂਦੇ ਹਨ, ਜੋ ਕਿ ਸਥਾਨਕ ਨਿਵਾਸੀਆਂ ਦੇ ਵਿਚਾਰਾਂ ਦੀ ਨੁਮਾਇੰਦਗੀ ਕਰਦੇ ਹਨ।

– ਐਸ.ਏ ਕਾਉਂਸਿਲਜ਼ –

# ਤੁਹਾਡੇ ਰੋਜ਼ ਦਾ ਹਿੱਸਾ

– ਫਰਕ ਲਿਆਉ –

# ਐਨਰੋਲ ਕਰੋ

ਸ਼ੁੱਕਰਵਾਰ 10 ਅਗਸਤ 2018 ਤੱਕ

# ਨਾਮੀਨੇਟ ਕਰੋ

ਮੰਗਲਵਾਰ 18 ਸਤੰਬਰ 2018 ਤੱਕ

# ਵੋਟ ਕਰੋ

ਸ਼ੁੱਕਰਵਾਰ 9 ਨਵੰਬਰ 2018 ਤੱਕ

- 2018 -
ਕਾਉਂਸਿਲ ਦੀਆਂ ਚੋਣਾਂ

Local Government Association of South Australia

Matt Pinnegar ਵੱਲੋਂ ਅਧਿਕਾਰਿਤ
148 Frome Street, Adelaide SA 5000
Email: lgasa@lga.sa.gov.au
Phone: (08) 8224 2000



# ਏਨਰੋਲ ਕਰੋ

**ਸ਼ੁੱਕਰਵਾਰ 10 ਅਗਸਤ 2018, ਸ਼ਾਮ ਪ ਵਜੇ ਤੱਕ**

## ਤੁਸੀਂ ਕਿਸ ਤਰੀਕੇ ਨਾਲ ਫਰਕ ਲਿਆ ਸਕਦੇ ਹੋ?

ਤੁਹਾਡੇ ਆਸ ਪੜੋਸ ਦੇ ਸਮਾਜ ਵਿਚ ਕੀ ਹੋਵੇ, ਤੁਸੀਂ ਇਸ ਉੱਤੇ 2 ਤਰੀਕਿਆਂ ਨਾਲ ਪ੍ਰਭਾਵ ਪਾ ਸਕਦੇ ਹੋ – ਕਾਉਂਸਿਲ ਦੀ ਕਿਸੀ ਪਦਵੀ ਦੇ ਲਈ ਨਾਮੀਨੇਟ ਕਰ ਕੇ, ਜਾਂ ਤੁਹਾਡੇ ਵਿਚਾਰਾਂ ਦੀ ਨੁਮਾਇੰਦਗੀ ਕਰਨ ਵਾਲੇ ਕਿਸ ਉਮੀਦਵਾਰ ਨੂੰ ਵੋਟ ਪਾ ਕੇ।

## ਵੋਟ ਪਾਉਣ ਦੇ ਲਈ ਇਨਰੋਲ ਕਰਨਾ

ਕਾਉਂਸਿਲ ਦੀਆਂ ਚੋਣਾਂ ਵਿੱਚ ਵੋਟ ਪਾਉਣਾ, ਸਟੇਟ ਜਾਂ ਫੈਡਰਲ ਚੋਣਾਂ ਦੀ ਤੁਲਨਾ ਵਿੱਚ, ਵੱਡੀ ਸ਼੍ਰੇਣੀ ਦੇ ਲੋਕਾਂ ਵਾਸਤੇ ਖੁੱਲਾ ਹੈ। ਜੇ ਤੁਸੀਂ ਆਸਟਰੇਲਿਆ ਦੇ ਨਾਗਰਿਕ ਨਹੀਂ ਵੀ ਹੋ, ਅਤੇ ਸਟੇਟ (ਹਾਉਸ ਔਫ ਅਸੈਮਬਲੀ) ਇਲੈਕਟੋਰਲ ਰੋਲ ਵਿੱਚ ਵੀ ਨਹੀਂ ਹੋ, ਤਾਂ ਵੀ ਤੁਸੀਂ ਕਾਉਂਸਿਲ ਚੋਣਾਂ ਵਿੱਚ ਵੋਟ ਪਾ ਸਕਦੇ ਹੋ, ਬਸ਼ਰਤੇ ਕਿ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਵੇ ਅਤੇ ਤੁਸੀਂ ਕਾਉਂਸਿਲ ਖੇਤਰ ਦੇ ਵਿੱਚ ਇੱਕ ਮਹੀਨੇ ਤੋਂ ਜ਼ਿਆਦਾ ਰਹਿ ਚੁੱਕੇ ਹੋਵੇ। ਜੇ ਤੁਸੀਂ, ਕਾਉਂਸਿਲ ਰੇਟਸ ਦੇ ਅਧੀਨ ਆਉਂਦੇ ਹੋਏ ਕਿਸੇ ਮਕਾਨ ਦੇ ਮਾਲਿਕ ਹੋ, ਤਾਂ ਵੀ ਤੁਸੀਂ ਕਾਉਂਸਿਲ ਦੀਆਂ ਚੋਣਾਂ ਵਿੱਚ ਵੋਟ ਪਾ ਸਕਦੇ ਹੋ, ਕੋਈ ਫਰਕ ਨਹੀਂ ਪੈਂਦਾ ਭਾਵੇਂ ਤੁਸੀਂ ਉਸ ਮਕਾਨ ਵਿੱਚ ਰਹਿ ਰਹੇ ਹੋਵੋਂ ਜਾਂ ਨਾ।

ਇੱਕ ਹੋਰ ਮਹੱਤਵਪੂਰਨ ਫਰਕ ਇਹ ਕਿ ਕਾਰੋਬਾਰ ਅਤੇ ਬੌਡੀ ਕੌਰਪੋਰੇਟ ਕਾਉਂਸਿਲ ਚੋਣਾਂ ਵਿੱਚ ਵੋਟ ਪਾ ਸਕਦੇ ਹਨ।

ਐਲੀਜੀਬੀਲੀਟੀ ਬਾਰੇ ਵਧੇਰੀ ਜਾਣਕਾਰੀ ਦੇ ਲਈ ਅਤੇ ਸਪਲੀਮੈਂਟਰੀ ਰੋਲ ਦੇ ਲਈ ਵੋਟਰ ਰਜਿਸਟਰੇਸ਼ਨ ਫਾਰਮ ਪ੍ਰਾਪਤ ਕਰਨ ਦੇ ਲਈ ਵੇਖੋ:_ www.lga.sa.gov.au/councilelections

**ਇਨਰੋਲਮੈਂਟ ਬੰਦ ਹੋਣ ਦਾ ਸਮਾਂ: 10 ਅਗਸਤ 2018**



# ਨਾਮੀਨੇਟ ਕਰੋ

**18 ਸਤੰਬਰ 2018 ਨੂੰ ਦੁਪਹਿਰ 12 ਵਜੇ ਤੱਕ**

## ਕਿਸੇ ਪਦਵੀ ਦੇ ਲਈ ਕਾਉਂਸਿਲ ਤੇ ਨੌਮੀਨੇਟ ਕਰੋ

ਜੇ ਤੁਹਾਡੀ ਸਥਾਨਕ ਕਾਉਂਸਿਲ ਚੋਣਾਂ ਵਿੱਚ ਤੁਸੀਂ ਵੋਟ ਕਰਨ ਦੇ ਲਈ ਯੋਗ ਹੋ, ਤਾਂ ਸੰਭਵ ਹੈ ਕਿ ਤੁਸੀਂ ਕਾਉਂਸਿਲ ਦੀ ਕਿਸੇ ਪਦਵੀ ਲਈ ਖੜੇ ਹੋਣ ਦੇ ਯੋਗ ਵੀ ਹੋ। ਕੁਝ ਚੀਜ਼ਾਂ ਨੂੰ ਛੱਡ ਕੇ (ਜਿਵੇਂ ਕੀ ਦੀਵਾਲੀਆ ਹੋਣਾ, ਜਾਂ ਅਦਾਲਤੀ ਆਦੇਸ਼ ਦੇ ਚਲਦੇ ਦਫਤਰੀ ਪਦਵੀ ਲਈ ਅਯੋਗ ਕਰਾਰ ਕੀਤਾ ਗਿਆ ਹੋਣਾ), ਤੁਸੀਂ ਕਾਉਂਸਿਲ ਦੀ ਕਿਸੇ ਪਦਵੀ ਦੇ ਲਈ ਨਾਮੀਨੇਟ ਕਰ ਸਕਦੇ ਹੋ, ਕੋਈ ਫਰਕ ਨਹੀਂ ਪੈਂਦਾ ਕੀ ਤੁਹਾਡੀ ਕੀ ਕੁਆਲੀਫੀਕੇਸ਼ਨ ਹੈ, ਤੁਸੀਂ ਕਿਸ ਧਰਮ, ਜਾਤ, ਲਿੰਗ ਦੇ ਹੋ, ਤੁਹਾਨੂੰ ਕਿੰਨਾ ਤਜੁਰਬਾ ਹੈ, ਜਾਂ ਤੁਹਾਡੀ ਕੀ ਪੇਸ਼ਾ ਹੈ। ਵਾਸਤਵ ਵਿੱਚ ਕਾਉਂਸਿਲਾਂ ਵੱਧ ਚੜ੍ਹ ਕੇ ਇਸ ਚੀਜ਼ ਨੂੰ ਪ੍ਰੋਤਸਾਹਿਤ ਕਰਦੀਆਂ ਹਨ ਕਿ ਵੱਖ ਵੱਖ ਪਿਛੋਕੜ ਵਾਲੇ ਲੋਕ ਨਾਮੀਨੇਸ਼ਨ ਭਰਨ, ਇਹ ਪੱਕਾ ਕਰ ਲੈਣ ਦੇ ਲਈ ਕਿ ਵੱਖ ਵੱਖ ਕਿਸਮ ਦੇ ਵਿਚਾਰਾਂ ਦੀ ਨੁਮਾਈਂਦਗੀ ਹੋ ਸਕੇ।

ਕਾਉਂਸਿਲ ਦਾ ਮੈਂਬਰ ਬਣਨਾ ਤੁਹਾਨੂੰ ਮਹੱਤਵਪੂਰਨ ਫੈਸਲਿਆਂ ਦੇ ਉੱਤੇ ਪ੍ਰਭਾਵ ਪਾਉਣ ਦੇ ਯੋਗ ਬਣਾਉਂਦਾ ਹੈ, ਤੁਹਾਡੇ ਨਾਲ ਜੁੜੇ ਹੋਏ ਮਸਲੇ, ਅਤੇ ਤੁਹਾਡੀ ਕੌਮ ਵਿੱਚ ਜੀਵਨ ਦੀ ਗੁਣਵੱਤਾ ਉੱਤੇ ਪ੍ਰਭਾਵ ਪਾਉਣ ਵਾਲੇ ਮਸਲਿਆਂ ਨਾਲ ਨਿਪਟਨ ਵਿੱਚ ਮਦਦ ਕਰਦਾ ਹੈ। ਕਾਉਂਸਿਲਰ ਬਣਨਾ ਇੱਕ ਲਾਭਦਾਇਕ ਅਤੇ ਸੰਤੁਸ਼ਟੀਜਨਕ ਗੱਲ ਹੋ ਸਕਦੀ ਹੈ। ਤੁਹਾਨੂੰ ਬਹੁਤ ਕੁਝ ਸਿੱਖਣ ਨੂੰ ਮਿਲੇਗਾ ਅਤੇ ਤੁਸੀਂ ਬਹੁਮੁੱਲੇ ਨਿਜੀ ਸੰਬੰਧ ਬਣਾਉਗੇ।

ਸਥਾਨਕ ਸਰਕਾਰੀ ਐਸੋਸੀਏਸ਼ਨ ਅਤੇ ਕਈ ਹੋਰ ਕਾਉਂਸੀਲਾਂ, ਸੰਭਾਵਿਤ ਉਮੀਦਵਾਰਾਂ ਦੇ ਲਈ ਜਾਣਕਾਰੀ ਦੇ ਸੈਸ਼ਨ ਚਲਾਉਂਦੀਆਂ ਹਨ, ਇਨ੍ਹਾਂ ਸੈਸ਼ਨਾਂ ਬਾਰੇ, ਜਾਂ ਨਾਮੀਨੇਟ ਕਿਵੇਂ ਕੀਤਾ ਜਾਵੇ ਇਸ ਬਾਰੇ ਹੋਰ ਜਾਣਕਾਰੀ ਦੇ ਲਈ ਵੇਖੋ:www.lga.sa.gov.au/councilelections.

**ਕਾਉਂਸਿਲ ਚੋਣਾਂ ਵਾਸਤੇ ਨਾਮੀਨੇਸ਼ਨ ਖੁੱਲਣ ਦੀ ਤਰੀਖ**
**ਮੰਗਲਵਾਰ 4 ਸਿਤੰਬਰ ਅਤੇ**
**ਬੰਦ ਹੋਣ ਦਾ ਸਮਾਂ ਦੁਪਹਿਰ 12 ਵਜੇ, ਮੰਗਲਵਾਰ 18 ਸਤੰਬਰ 2018**



# ਵੋਟ ਪਾਉ

**ਸ਼ੁਕੱਰਵਾਰ 9 ਨਵੰਬਰ 2018 ਤੋ ਪਹਿਲਾਂ**

## 2018 ਦੀ ਕਾਉਂਸਿਲ ਚੋਣਾਂ ਵਿੱਚ ਹੋਣ ਵਾਲੀ ਵੋਟਿੰਗ

ਕਾਉਂਸਿਲ ਦੀਆਂ ਚੋਣਾਂ ਵਿੱਚ ਵੋਟਿੰਗ ਡਾਕ ਰਾਹੀਂ ਕੀਤੀ ਜਾ ਰਹੀ ਹੈ। ਜੇ ਤੁਸੀਂ ਸਟੇਟ (ਹਾਉਸ ਆਫ ਅਸੈਂਬਲੀ) ਇਲੈਕਟੋਰਲ ਰੋਲ ਵਿੱਚ ਹੋ ਜਾਂ ਸਪਲੀਮੈਂਟਰੀ ਰੋਲ ਵਿੱਚ ਸ਼ਾਮਲ ਹੋਣ ਦੇ ਲਈ ਇਨਰੋਲਮੈਂਟ ਭਰੀ ਹੈ, ਤਾਂ ਤੁਹਾਨੂੰ ਅਕਤੂਬਰ 2018 ਦੇ ਅਖੀਰ ਵਿੱਚ ਡਾਕ ਰਾਹੀਂ ਇੱਕ ਵੋਟਿੰਗ ਪੈਕ ਭੇਜਿਆ ਜਾਵੇਗਾ।

ਤੁਹਾਡੇ ਵੋਟਿੰਗ ਪੈਕ ਵਿੱਚ ਮਜੂਦ ਬੈੱਲਟ ਪਰਚਾ ਇਹ ਦਿਖਾਏਗਾ ਕਿ ਤੁਹਾਡੇ ਕਾਉਂਸਿਲ ਦੇ ਵਾਰਡ ਵਿੱਚ ਕਿਹੜੇ ਉਮੀਦਵਾਰ ਚੁਨਾਵ ਦੇ ਲਈ ਖੜੇ ਹਨ। ਇਨ੍ਹਾਂ ਸਾਰਿਆਂ ਉਮੀਦਵਾਰਾਂ ਬਾਰੇ ਹੋਰ ਜਾਣਕਾਰੀ ਲੈਣ ਦੇ ਲਈ ਅਤੇ ਇਹ ਜਾਨਣ ਦੇ ਲਈ ਕਿ ਉਹ ਕਿਨ੍ਹਾਂ ਚੀਜ਼ਾਂ ਦੀ ਹਿਮਾਇਤ ਕਰਦੇ ਹਨ, ਵੇਖੋ: www.lga.sa.gov.au/councilelections, ਇਸ ਤੋਂ ਬਾਅਦ ਆਪਣਾ ਬੈੱਲਟ ਪੇਪਰ ਭਰੋ ਅਤੇ ਰਿਪਲਾਈ ਪੇਡ ਲਿਫਾਫੇ ਵਿੱਚ ਪਾ ਕੇ ਵਾਪਸ ਭੇਜੋ।

**ਵੋਟਾਂ ਸ਼ੁਕੱਰਵਾਰ ਸ਼ਾਮ 5 ਵਜੇ 9 ਨਵੰਬਰ 2018 ਤਕ ਮਿਲ ਜਾਣੀਆਂ ਚਾਹੀਦੀਆਂ ਹਨ।**

## ਸ਼ਾਮਲ ਹੋਵੋ ਅਤੇ ਫਰਕ ਲਿਆਉ

ਸਥਾਨਕ ਲੋਕਤੰਤਰਤਾ ਆਸਟਰੇਲੀਆ ਵਿਚ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਅਤੇ ਕਾਉਂਸਿਲਾਂ ਦਾ ਸਮਾਜ ਦੇ ਉੱਤੇ ਉਸ ਨਾਲੋਂ ਕਾਫੀ ਜ਼ਿਆਦਾ ਪ੍ਰਭਾਵ ਹੁੰਦਾ ਹੈ, ਜਿੰਨਾਂ ਲੋਕ ਸਮਝਦੇ ਹਨ। ਆਪਣੀ ਕਾਉਂਸਿਲ ਦੀਆਂ ਚੋਣਾਂ ਵਿੱਚ ਹਿੱਸਾ ਲੈ ਕੇ ਫਰਕ ਲਿਆਉ।

## ਵਧੇਰੀ ਜਾਣਕਾਰੀ ਦੇ ਲਈ

ਵਧੇਰੀ ਜਾਣਕਾਰੀ ਦੇ ਲਈ ਆਪਣੀ ਕਾਉਂਸਿਲ ਦੀ ਵੈਬਸਾਇਟ ਤੇ ਜਾਉ ਜਾਂ ਵੇਖੋ www.lga.sa.gov.au/councilelections.